**ਪੰਜਾਬ ਅਨੁਸੂਚਿਤ ਜਾਤੀਆਂ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ।**

**ਅਜੰਡਾ ਮੱਦ ਨੰ:** 164.07

**ਵਿਸ਼ਾ:- ਕਾਰਪੋਰੇਸ਼ਨ ਦਾ ਸਾਲ 2022-23 ਦਾ ਬਜਟ।**

ਪੰਜਾਬ ਅਨੁਸੂਚਿਤ ਜਾਤੀਆਂ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦਾ ਸਾਲ 2022-23 ਦਾ ਬਜਟ ਬੋਰਡ ਆਫ ਡਾਇਰੈਕਟਰਜ਼ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਪੰਜਾਬ ਅਨੁਸੂਚਿਤ ਜਾਤੀਆਂ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ,
ਚੰਡੀਗੜ੍ਹ।

ਬਜਟ ਸਾਲ- **2022-23**

## ਪੰਜਾਬ ਅਨੁਸੂਚਿਤ ਜਾਤੀਆਂ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ।

| | | |
|---|---|---|
| ਬਜਟ ਸਾਲ 2022-23 | | |
| ਮੁੱਖ ਸਿਰਲੇਖ | | |
| | | (ਰਕਮ ਲੱਖਾਂ ਵਿੱਚ) |
| ੳ) ਤਜਵੀਜ ਕੀਤੀਆਂ ਪ੍ਰਾਪਤੀਆਂ | | |
| 1. 01.04.2022 ਨੂੰ ਮੁੱਢਲਾ ਬਕਾਇਆ | 6993.07 | (ਅਨੁਲੱਗ ੳ) |
| | | |
| 2. ਤਜਵੀਜ ਕੀਤੀਆਂ ਪ੍ਰਾਪਤੀਆਂ ਸਾਲ 2022-23 | 3837.97 | (ਅਨੁਲੱਗ ੳ) |
| | | |
| **ਕੁੱਲ ਤਜਵੀਜ ਕੀਤੀ ਉਪਲੱਬਧਤਾ (1+2)** | **10831.04** | |
| ਅ) ਤਜਵੀਜੀ ਵੰਡ/ ਅਦਾਇਗੀ | | |
| | | |
| 1. ਕਰਜੇ/ਸਬਸਿਡੀ ਦੀ ਅਦਾਇਗੀ | 2374.70 | (ਅਨੁਲੱਗ ਅ) |
| 2. ਅਮਲਾ/ਪ੍ਰਬੰਧਕੀ ਖਰਚੇ | 1844.00 | (ਅਨੁਲੱਗ ੲ) |
| 3. ਸੰਪਤੀ ਦੀ ਖਰੀਦ | 18.10 | (ਅਨੁਲੱਗ ਸ) |
| 4. ਨੈਸ਼ਨਲ ਕਾਰਪੋਰੇਸ਼ਨਾਂ ਦੇ ਕਰਜ਼ੇ ਦੀ ਵਾਪਸੀ | 551.50 | (ਅਨੁਲੱਗ ਸ) |
| ਕੁੱਲ ਜੋੜ (1 ਤੋਂ 4) | **4788.30** | |
| | | |
| ੲ) ਤਜਵੀਜੀ ਬਕਾਇਆ (ੳ-ਅ) | **6042.74** | |

(ਅਨੁਲਗ-ੳ)

ਸਾਲ 2022-23 ਵਿੱਚ ਉਪਲੱਬਧ ਫੰਡ ਅਤੇ 2021-22 ਵਿੱਚ ਅਸਲ ਪ੍ਰਾਪਤੀ

(ਰਕਮ ਲੱਖਾਂ ਵਿੱਚ)

| ਲੜੀ ਨੰ: | ਵਿਸ਼ਾ | 1.4.2022 ਨੂੰ ਬਕਾਇਆ | ਤਜਵੀਜ ਪ੍ਰਾਪਤੀ (2022-23) | | ਕੁਲ ਪ੍ਰਾਪਤ ਫੰਡ (2022-23) | ਅਸਲ ਪ੍ਰਾਪਤੀ (2021-22) |
|---|---|---|---|---|---|---|
| 1 | ਸ਼ੇਅਰ ਪੂੰਜੀ | 4020.77 | 542.00 | (ਸਟੇਟ) | 5319.04 | 0.00 |
| | | | 756.27 | (ਸੈਂਟਰ) | | |
| 2 | ਰਾਖਵੇ ਫੰਡਜ਼ | 1503.79 | 0.00 | | 1503.79 | - |
| 3 | ਕਰਜ਼ੇ ਦੀ ਵਸੂਲੀ (ਮੂਲ ਤੇ ਵਿਆਜ) | - | 1100.00 | | 1100.00 | 5015.95 |
| 4 | ਬੈਂਕਾਂ ਤੋਂ ਪ੍ਰਾਪਤ ਵਿਆਜ | - | 300.00 | | 300.00 | 265.84 |
| 5 | ਇੱਕ ਸਮੇਂ ਨਿਪਟਾਰਾ ਸਕੀਮ | 42.33 | 0.00 | | 42.33 | 0.00 |
| 6 | ਪੂੰਜੀ ਸਬਸਿਡੀ (ਬੈਂਕ ਸਹਿਯੋਗ ਸਕੀਮ) | 929.53 | 500.00 | | 1429.53 | 100.00 |
| 7 | ਕਰਜ਼ਾ ਵਲੋਂ ਐਨ.ਐਸ.ਐਫ.ਡੀ.ਸੀ. | 316.97 | 270.00 | | 586.97 | 300.00 |
| 8 | ਕਰਜ਼ਾ ਵੱਲੋਂ ਐਨ.ਐਸ.ਕੇ.ਐਫ.ਡੀ.ਸੀ. | 0.00 | 90.00 | | 90.00 | 199.79 |
| 9 | ਕਰਜ਼ਾ ਵੱਲੋਂ ਐਨ.ਐਚ.ਐਫ.ਡੀ.ਸੀ. | 64.18 | 270.00 | | 334.18 | 50.00 |
| 10 | ਇਕਨਾਮਿਕ ਵੈਂਚਰ ਸਕੀਮ (ਸਕੀਮ ਬੰਦ ਹੋ ਚੁੱਕੀ ਹੈ ) | 34.37 | - | | 34.37 | - |
| 11 | ਬੇਘਰਾਂ ਲਈ ਮਕਾਨ ਉਸਾਰੀ ਸਕੀਮ (ਸਕੀਮ ਬੰਦ ਹੋ ਚੁੱਕੀ ਹੈ) | 6.48 | - | | 6.48 | - |
| 12 | ਬੱਕਰੀਆਂ ਪਾਲਣ ਸਕੀਮ (ਸਕੀਮ ਬੰਦ ਹੋ ਚੁੱਕੀ ਹੈ) | 4.05 | - | | 4.05 | - |
| 13 | ਸਕਵੈਂਜਰ ਨੂੰ ਮੁੜ ਵਸਾਉਣ ਸਬੰਧੀ ਸਕੀਮ | 44.10 | - | | 44.10 | - |
| 14 | ਐਨ.ਐਸ.ਐਫ./ਐਨ.ਐਸ.ਕੇ.ਟਰੇਨਿੰਗ ਪ੍ਰੋਗਰਾਮ | 17.49 | - | | 17.49 | - |
| 15 | ਐਸ.ਆਰ.ਐਮ.ਐਸ.ਸਕੀਮ | 8.61 | - | | 8.61 | - |
| 16 | ਬੈਕਐਂਡ ਸਬਸਿਡੀ ਇਨਸੈਂਟਿਵ ਫਾਰ ਲੋਨਿੰਗ ਸਕੀਮ | 0.40 | 9.70 | | 10.10 | 18.10 |
| | ਜੋੜ:- | 6993.07 | 3837.97 | | 10831.04 | 5949.68 |

(ਅਨੁਲਗ-ਅ)

**ਸ਼ੇਅਰ ਪੂੰਜੀ, ਨੈਸ਼ਨਲ ਕਾਰਪੋਰੇਸ਼ਨਾਂ ਅਤੇ ਸਬਸਿਡੀ ਦੀਆਂ ਸਕੀਮਾਂ ਦੀ ਸਾਲ 2022-23 ਵਿੱਚ ਅਦਾਇਗੀ ਦੇ ਟੀਚਿਆਂ ਦਾ ਵੇਰਵਾ**

(ਰਕਮ ਲੱਖਾਂ ਵਿੱਚ)

| ਲੜੀ ਨੰ: | ਸਕੀਮ ਦਾ ਨਾਂ | ਸ਼ੇਅਰ ਪੂੰਜੀ | ਕਰਜ਼ਾ ਐਨ.ਐਸ.ਐਫ, ਐਨ.ਐਸ.ਕੇ., ਐਨ.ਐਚ.ਐਫ.ਡੀ.ਸੀ. | ਲਾਭਪਾਤਰੀ ਦਾ ਹਿੱਸਾ | ਐਸ.ਸੀ.ਏ.ਸ ਬਸਿਡੀ | ਕੁੱਲ ਜੋੜ | ਲਾਭਪਾਤਰੀਆਂ ਦੀ ਗਿਣਤੀ |
|---|---|---|---|---|---|---|---|
| 1 | ਸਿੱਧਾ ਕਰਜ਼ਾ ਸਕੀਮ | 1200.00 | - | - | - | 1200.00 | 600 |
| 2 | ਐਨ.ਐਸ.ਐਫ.ਡੀ.ਸੀ. ਸਕੀਮ | 15.00 | 270.00 | 15.00 | - | 300.00 | 200 |
| 3 | ਐਨ.ਐਸ.ਕੇ.ਐਫ.ਡੀ.ਸੀ.ਸ ਕੀਮ | 5.00 | 90.00 | 5.00 | - | 100.00 | 200 |
| 4 | ਐਨ.ਐਚ.ਐਫ.ਡੀ.ਸੀ. ਸਕੀਮ | 15.00 | 270.00 | 15.00 | - | 300.00 | 200 |
| 5 | ਬੈਂਕ ਟਾਈ ਅਪ ਸਕੀਮ | - | - | - | 500.00 | 500.00 | 5000 |
| 6 | ਬੈਕਐਂਡ ਸਬਸਿਡੀ | - | - | - | 9.70 | 9.70 | 97 |
| | **ਜੋੜ:-** | **1235.00** | **630.00** | **35.00** | **509.70** | **2409.70** | **6297** |

ਵੱਖ-ਵੱਖ ਕਰਜ਼ਾ ਸਕੀਮਾਂ ਦੀ ਜ਼ਿਲ੍ਹੇਵਾਰ ਵੰਡ/ਟੀਚੇ, ਜ਼ਿਲ੍ਹਿਆਂ ਵਿੱਚ ਅਨੁਸੂਚਿਤ ਜਾਤੀਆਂ ਦੀ ਜਨਸੰਖਿਆਂ ਦੇ ਆਧਾਰ ਤੇ ਕੀਤੀ ਗਈ ਹੈ। ਬੈਂਕ ਟਾਈ ਅਪ ਸਕੀਮ ਦੀ ਜ਼ਿਲ੍ਹੇਵਾਰ ਵੰਡ/ਟੀਚੇ ਗਰੀਬੀ ਰੇਖਾ ਤੋਂ ਨੀਚੇ ਜਨਸੰਖਿਆ ਦੇ ਆਧਾਰ ਤੇ ਕੀਤੀ ਹੈ ਅਤੇ ਅਪੰਗ ਵਿਅਕਤੀਆਂ ਦੀ ਸਕੀਮ ਦੇ ਟੀਚੇ/ਵੰਡ ਜ਼ਿਲ੍ਹੇ ਵਿੱਚ ਅਪੰਗ ਵਿਅਕਤੀਆਂ ਦੀ ਜਨਸੰਖਿਆ ਦੇ ਆਧਾਰ ਤੇ ਕੀਤੀ ਗਈ ਹੈ।

**ਕੁੱਲ ਅਦਾਇਗੀ 2409.70 ਲੱਖ ਰੁਪਏ -35.00 ਲੱਖ ਰੁਪਏ (ਲਾਭਪਾਤਰੀ ਦਾ ਹਿੱਸਾ) = 2374.70 ਲੱਖ ਰੁਪਏ।**

(ਅਨੁਲਗ-ੲ)

## ਹੈਡ ਵਾਈਜ਼ ਅਮਲਾ/ਪ੍ਰਬੰਧਕੀ ਖਰਚੇ ਦੀ ਅਸਲ ਅਤੇ ਤਜਵੀਜ਼ਤ ਡਿਟੇਲ

(ਰਕਮ ਲੱਖਾਂ ਵਿੱਚ)

| ਲੜੀ ਨੰ: | ਵਿਸ਼ਾ | ਸਾਲ 2021-22 ਦੀ ਅਸਲ ਅਦਾਇਗੀ | ਸਾਲ 2022-23 ਦੀ ਤਜਵੀਜੀ ਅਦਾਇਗੀ |
|---|---|---|---|
| ੳ) ਅਮਲਾ ਖਰਚੇ | | | |
| 1 | ਤਨਖਾਹ ਅਤੇ ਭੱਤ | 1101.78 | 1250.00 |
| 2 | ਡਾਕਟਰੀ ਖਰਚੇ ਦੀ ਪ੍ਰਤੀ ਪੂਰਤੀ | 6.47 | 10.00 |
| 3 | ਈ.ਪੀ.ਐਫ. ਅੰਸ਼ਦਾਨ | 110.10 | 140.00 |
| 4 | ਲੀਵ ਇਨਕੈਸ਼ਮੈਂਟ/ਪੈਨਸ਼ਨ ਅੰਸ਼ਦਾਨ | 0.00 | 1.00 |
| 5 | ਐਕਸ ਗਰੇਸ਼ੀਆ | 1.00 | 2.00 |
| 6 | ਚੇਅਰਮੈਨ/ਵਾਈਸ ਚੇਅਰਮੈਨ ਨੂੰ ਮਾਨ ਭੱਤਾ | 4.23 | 5.40 |
| 7 | ਸੀ.ਪੀ.ਐਫ. ਅੰਸ਼ਦਾਨ (ਡੈਪੂਟੇਸ਼ਨ) | 0.00 | 0.00 |
| 8 | ਮਕਾਨ ਕਿਰਾਇਆ ਕੰਟਰੀਬਿਊਸ਼ਨ | 0.00 | 0.00 |
| | **ਜੋੜ (ੳ)** | **1223.58** | **1408.40** |

| | | | |
|---|---|---|---|
| ਅ) ਪ੍ਰਬੰਧਕੀ ਖਰਚੇ | | | |
| 1 | ਮੁਰੰਮਤ ਅਤੇ ਗੱਡੀਆਂ ਦਾ ਪੈਟਰੋਲ | 5.45 | 5.50 |
| 2 | ਕਿਰਾਇਆ,ਰੇਟ,ਟੈਕਸ | 28.88 | 30.00 |
| 3 | ਡਾਕ ਅਤੇ ਟੈਲੀਗ੍ਰਾਫ | 0.24 | 0.50 |
| 4 | ਟੈਲੀਫੂਨ | 1.75 | 1.50 |
| 5 | ਛਪਾਈ ਅਤੇ ਸਟੇਸ਼ਨਰੀ | 2.93 | 3.00 |
| 6 | ਵਿਗਿਆਪਨ | 0.29 | 0.50 |
| 7 | ਪਾਣੀ ਅਤੇ ਬਿਜਲੀ | 4.64 | 5.00 |
| 8 | ਕਾਨੂੰਨੀ ਖਰਚੇ | 1.08 | 1.50 |
| 9 | ਵਰਦੀਆਂ | 0.67 | 0.75 |
| 10 | ਮੁਰੰਮਤ ਅਤੇ ਦਫਤਰੀ ਦੇਖ-ਰੇਖ | 3.33 | 3.00 |
| 11 | ਅਖਬਾਰ ਅਤੇ ਆਵਰਤੀ ਪਤ੍ਰਿਕਾਵਾਂ | 0.07 | 0.05 |
| 12 | ਐਲ.ਟੀ.ਸੀ. | 0.01 | 2.00 |
| 13 | ਖਾਤਰਦਾਰੀ ਭੱਤੇ | 1.40 | 1.50 |
| 14 | ਬੀਮਾ ਖਰਚੇ | 0.22 | 0.25 |
| 15 | ਫੁਟਕਲ ਖਰਚੇ | 6.16 | 5.00 |
| 16 | ਲੀਵ ਇਨਕੈਸ਼ਮੈਂਟ | 38.51 | 140.00 |
| 17 | ਗਰੈਚੂਟੀ | 53.78 | 220.00 |
| 18 | ਆਡਿਟ ਫੀਸ | 0.57 | 1.00 |
| 19 | ਆਵਾਜਾਈ ਭੱਤੇ | 3.04 | 3.50 |
| 20 | ਬੈਂਕ ਚਾਰਜਿਜ | 0.08 | 0.05 |
| 21 | ਸਫਾਈ ਖਰਚੇ | 3.92 | 4.00 |
| 22 | ਪਿਛਲੇ ਸਾਲ ਦੇ ਖਰਚੇ | 0.73 | 1.00 |
| 23 | ਫੰਕਸ਼ਨ ਖਰਚੇ | 0.25 | 0.50 |
| 24 | ਕੰਨਜ਼ਿਊਮਰੇਬਲ ਸਟੋਰ | 0.32 | 0.50 |
| 25 | ਵਸੂਲੀ ਲਈ ਟੈਕਸੀ ਖਰਚਾ | 2.06 | 2.50 |
| 26 | ਟ੍ਰੇਨਿੰਗ ਖਰਚੇ | 0.00 | 0.50 |
| 27 | ਸੋਫਟਵੇਅਰ ਅਤੇ ਏ.ਐਮ.ਸੀ ਖਰਚੇ | 1.34 | 2.00 |
| | **ਜੋੜ (ਅ)** | **161.72** | **435.60** |
| | **ਕੁੱਲ ਖਰਚੇ (ੳ+ਅ)** | **1385.30** | **1844.00** |

(ਅਨੁਲਗ-ਸ)

ਸੰਪਤੀ ਦੀ ਖਰੀਦ ਦਾ ਵੇਰਵਾ ਅਤੇ ਨੈਸ਼ਨਲ ਕਾਰਪੋਰੇਸ਼ਨਾਂ (ਐਨ.ਐਸ.ਐਫ.ਡੀ.ਸੀ., ਐਨ.ਐਸ.ਕੇ.ਐਫ.ਡੀ.ਸੀ. ਅਤੇ ਐਨ.ਐਚ.ਐਫ.ਡੀ.ਸੀ.) ਦੇ ਕਰਜ਼ਿਆਂ ਦੀ ਵਾਪਸੀ ਦਾ ਵੇਰਵਾ।

(ਰਕਮ ਲੱਖਾਂ ਵਿੱਚ)

| ਲੜੀ ਨੰ: | ਵਿਸ਼ਾਂ/ਕਾਰਪੋਰੇਸ਼ਨ ਦਾ ਨਾਂ | ਸਾਲ 2021-22 ਦੀ ਅਸਲ ਅਦਾਇਗੀ | ਸਾਲ 2022-23 ਦੀ ਤਜਵੀਜੀ ਅਦਾਇਗੀ |
|---|---|---|---|
| **(ੳ) ਸੰਪਤੀ ਖਰੀਦਣ ਲਈ ਉਪਬੰਧ:** | | | |
| 1 | ਫਰਨੀਚਰ | 0.00 | 2.00 |
| 2 | ਲਾਇਬਰੇਰੀ ਕਿਤਾਬਾਂ | 0.00 | 0.10 |
| 3 | ਬਿਜਲੀ ਦਾ ਸਾਜ਼ ਸਮਾਨ | 4.20 | 3.00 |
| 4 | ਕੰਪਿਊਟਰ ਦਾ ਸਾਜ਼ ਸਮਾਨ | 21.36 | 2.00 |
| 5 | ਦਫਤਰੀ ਸਾਜ਼ ਸਮਾਨ | 0.00 | 1.00 |
| 6 | ਕੰਪਿਊਟਰ ਸਾਫਟਵੇਅਰ | 0.00 | 10.00 |
| 7 | ਵਹੀਕਲ ਦੀ ਖਰੀਦ | 0.00 | 0.00 |
| | **ਕੁੱਲ ਜੋੜ (ੳ)** | **25.56** | **18.10** |
| **(ਅ) ਕਰਜ਼ਾ ਵਾਪਸ ਮੋੜਨ ਲਈ ਉਪਬੰਧ** | | | |
| 1 | ਐਨ.ਐਸ.ਐਫ.ਡੀ.ਸੀ. | 328.13 | 370.00 |
| 2 | ਐਨ.ਐਸ.ਕੇ.ਐਫ.ਡੀ.ਸੀ. | 51.17 | 108.00 |
| 3 | ਐਨ.ਐਚ.ਐਫ.ਡੀ.ਸੀ. | 79.50 | 73.50 |
| | **ਕੁੱਲ ਜੋੜ (ਅ)** | **458.80** | **551.50** |

| ਸਾਲ 2021-22 ਦੀ ਅਸਲ ਅਦਾਇਗੀ ਅਤੇ ਸਾਲ 2022-23 ਦੀ ਤਜਵੀਜੀ ਅਦਾਇਗੀ। | | | |
|---|---|---|---|
| | | | (ਰਕਮ ਲੱਖਾਂ ਵਿੱਚ) |
| ਲੜੀ ਨੰ: | ਵਿਸ਼ਾ | ਸਾਲ 2021-22 ਦੀ ਅਸਲ ਅਦਾਇਗੀ | ਸਾਲ 2022-23 ਦੀ ਤਜਵੀਜੀ ਅਦਾਇਗੀ |
| (ੳ) ਸ਼ੇਅਰ ਪੂੰਜੀ | | | |
| 1 | ਸਿੱਧਾ ਕਰਜ਼ਾ ਸਕੀਮ | 517.83 | 1200.00 |
| 2 | ਐਨ.ਐਸ.ਐਫ.ਡੀ.ਸੀ. ਸਕੀਮ | 3.42 | 15.00 |
| 3 | ਐਨ.ਐਸ.ਕੇ.ਐਫ.ਡੀ.ਸੀ. ਸਕੀਮ | 16.42 | 5.00 |
| 4 | ਐਨ.ਐਚ.ਐਫ.ਡੀ.ਸੀ. ਸਕੀਮ | 5.63 | 15.00 |
| | ਜੋੜ(ੳ) | **543.30** | **1235.00** |
| (ਅ) ਸਬਸਿਡੀ | | | |
| 1 | ਬੀ.ਟੀ.ਐਸ. ਸਕੀਮ (ਪੂੰਜੀ ਸਬਸਿਡੀ) | 149.20 | 500.00 |
| 2 | ਐਨ.ਐਸ.ਐਫ.ਡੀ.ਸੀ. ਸਕੀਮ | 0.00 | - |
| 3 | ਐਨ.ਐਸ.ਕੇ.ਐਫ.ਡੀ.ਸੀ.ਸਕੀਮ | 0.00 | - |
| 4 | ਐਨ.ਐਚ.ਐਫ.ਡੀ.ਸੀ.ਸਕੀਮ | 0.00 | - |
| 5 | ਸਕਵੈਂਜਰ ਨੂੰ ਮੁੜ ਵਸਾਉਣ ਸਬੰਧੀ ਸਕੀਮ | 0.00 | - |
| 6 | ਬੈਕਐਂਡ ਸਬਸਿਡੀ | 18.10 | 9.70 |
| | ਜੋੜ (ਅ) | **167.30** | **509.70** |
| (ੲ) ਐਨ.ਐਸ.ਐਫ.ਡੀ.ਸੀ., ਐਨ.ਐਸ.ਕੇ.ਐਫ.ਡੀ.ਸੀ. ਅਤੇ ਐਨ.ਐਚ.ਐਫ.ਡੀ.ਸੀ. ਸਕੀਮ ਅਧੀਨ ਕਰਜ਼ੇ | | | |
| 1 | ਐਨ.ਐਸ.ਐਫ.ਡੀ.ਸੀ. ਸਕੀਮ | 61.56 | 270.00 |
| 2 | ਐਨ.ਐਸ.ਕੇ.ਐਫ.ਡੀ.ਸੀ. ਸਕੀਮ | 295.65 | 90.00 |
| 3 | ਐਨ.ਐਚ.ਐਫ.ਡੀ.ਸੀ.ਸਕੀਮ | 101.25 | 270.00 |
| | ਜੋੜ (ੲ) | **458.46** | **630.00** |
| | ਕੁੱਲ ਜੋੜ (ੳ+ਅ+ੲ) | **1169.06** | **2374.70** |
| (ਸ) | ਅਮਲਾ/ਪ੍ਰਬੰਧਕੀ ਖਰਚੇ | 1385.30 | 1844.00 |
| (ਹ) | ਸੰਪਤੀ ਦੀ ਖਰੀਦ | 25.56 | 18.10 |
| (ਕ) | ਨੈਸ਼ਨਲ ਕਾਰਪੋਰੇਸ਼ਨਾਂ ਦੇ ਕਰਜ਼ੇ ਦੀ ਵਾਪਸੀ (ਐਨ.ਐਸ.ਐਫ.ਡੀ.ਸੀ.,ਐਨ.ਐਸ.ਕੇ.ਐਫ.ਡੀ.ਸੀ. ਅਤੇ ਐਨ.ਐਚ.ਐਫ.ਡੀ.ਸੀ.) | 458.80 | 551.50 |
| | ਜੋੜ (ਸ+ਹ+ਕ) | **1869.66** | **2413.60** |
| | ਜੋੜ (ੳ ਤੋਂ ਕ) | **3038.72** | **4788.30** |

# ਵੱਖ -ਵੱਖ ਸਕੀਮਾਂ ਅਤੇ ਸਿਰਲੇਖਾ ਦਾ ਵੇਰਵਾ

## (I) ਸ਼ੇਅਰ ਕੈਪੀਟਲ

ਕਾਰਪੋਰੇਸ਼ਨ ਦੀ ਅਧਿਕਾਰਤ ਸ਼ੇਅਰ ਕੈਪੀਟਲ 200.00 ਕਰੋੜ ਰੁਪਏ ਹੈ। ਜਿਸ ਵਿੱਚੋਂ ਕਾਰਪੋਰੇਸ਼ਨ ਨੂੰ ਮਿਤੀ 31.03.2022 ਤੱਕ 131.15 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ। ਇਸ ਵਿੱਚੋਂ ਪੇਡ-ਅਪ ਕੈਪੀਟਲ ਹੇਠ ਲਿਖੇ ਅਨੁਸਾਰ ਹੈ:-

1. ਰਾਜ ਸਰਕਾਰ ਦਾ ਹਿੱਸਾ = 68.09 ਕਰੋੜ ਰੁਪਏ।
2. ਕੇਂਦਰ ਸਰਕਾਰ ਦਾ ਹਿੱਸਾ = 63.06 ਕਰੋੜ ਰੁਪਏ।

ਸ਼ੇਅਰ ਕੈਪੀਟਲ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ 49:51 ਦੇ ਅਨੁਪਾਤ ਵਿੱਚ ਕਾਰਪੋਰੇਸ਼ਨ ਨੂੰ ਦਿੱਤੀ ਜਾਂਦੀ ਹੈ। ਕਾਰਪੋਰੇਸ਼ਨ ਵੱਲੋਂ ਕਈ ਕਰਜ਼ਾ ਸਕੀਮਾਂ ਸ਼ੇਅਰ ਕੈਪੀਟਲ ਵਿੱਚੋਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚੋਂ ਸਿੱਧਾ ਕਰਜ਼ਾ ਸਕੀਮ ਮੁੱਖ ਹੈ ਅਤੇ ਹੋਰ ਸਕੀਮਾਂ ਐਨ.ਐਸ.ਐਫ.ਡੀ.ਸੀ. ਦੇ ਸਹਿਯੋਗ ਨਾਲ, ਐਨ.ਐਸ.ਐਫ.ਡੀ.ਸੀ. ਤੋਂ ਕਰਜ਼ਾ ਲੈ ਕੇ ਚਲਾਈਆਂ ਜਾਂਦੀਆਂ ਹਨ । ਸ਼ੇਅਰ ਕੈਪੀਟਲ ਨੂੰ ਐਨ.ਐਸ.ਕੇ.ਐਫ.ਡੀ.ਸੀ. ਅਤੇ ਐਨ.ਐਚ.ਐਫ.ਡੀ.ਸੀ. ਦੀਆਂ ਸਕੀਮਾਂ ਵਿੱਚ ਵੀ ਵਰਤਿਆ ਜਾਂਦਾ ਹੈ। ਸ਼ੇਅਰ ਕੈਪੀਟਲ ਦੀ ਸਾਲ 2021-22 ਵਿੱਚ ਬਜਟ ਪ੍ਰੋਵੀਜਨ 1298.27 ਲੱਖ ਰੁਪਏ ਸੀ ਜਿਸ ਵਿਚੋਂ ਕਾਰਪੋਰਸ਼ਨ ਨੂੰ ਕੋਈ ਰਾਸ਼ੀ ਜਾਰੀ ਨਹੀ ਹੋਈ ਹੈ। **ਸਾਲ 2022-23 ਲਈ ਰਾਜ ਸਰਕਾਰ ਦਾ ਹਿੱਸਾ 542.00 ਲੱਖ ਰੁਪਏ ਅਤੇ ਕੇਂਦਰ ਸਰਕਾਰ ਦਾ ਹਿੱਸਾ 756.27 ਲੱਖ ਰੁਪਏ ਦੀ ਬਜਟ ਪ੍ਰੋਵੀਜਨ ਹੈ।**

## (II) ਕਰਜ਼ੇ ਦੀਆਂ ਸਕੀਮਾਂ

### 1. ਸਿੱਧਾ ਕਰਜ਼ਾ ਸਕੀਮ

ਸਿੱਧਾ ਕਰਜ਼ਾ ਸਕੀਮ ਕਾਰਪੋਰੇਸ਼ਨ ਦੀ ਸਥਾਪਨਾ ਦੇ ਸਮੇਂ ਤੋਂ ਹੀ ਲਾਗੂ ਕੀਤੀ ਜਾ ਰਹੀ ਹੈ। ਇਸ ਸਕੀਮ ਦੇ ਤਹਿਤ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਨੂੰ ਵੱਖ-ਵੱਖ ਆਮਦਨੀ ਵਧਾਉਣ ਵਾਲੀਆਂ ਸਕੀਮਾਂ ਦੇ ਲਈ ਕਰਜ਼ਾ ਦਿੱਤਾ ਜਾਂਦਾ ਹੈ, ਜਿਵੇਂ ਕਿ ਡੇਅਰੀ ਫਾਰਮਿੰਗ, ਸੂਰ ਪਾਲਣ , ਪੋਲਟਰੀ ਫਾਰਮਿੰਗ, ਭੇਡਾਂ ਪਾਲਣ, ਸਮਾਲ ਬਿਜਨਸ, ਕਰਿਆਨਾ ਦੁਕਾਨ, ਜ਼ਮੀਨ ਖ੍ਰੀਦਣ ਅਤੇ ਉਚੇਰੀ ਸਿੱਖਿਆ ਆਦਿ ਲਈ 0% ਤੋਂ 8% ਤੱਕ ਦੀ ਸਲਾਨਾ ਵਿਆਜ ਦਰ ਤੇ ਕਰਜ਼ਾ ਸ਼ੇਅਰ ਕੈਪੀਟਲ ਵਿੱਚੋਂ ਦਿੱਤਾ ਜਾਂਦਾ ਹੈ।ਇਸ ਸਕੀਮ ਵਿੱਚ ਵੱਧ ਤੋਂ ਵੱਧ ਲਾਭਪਾਤਰੀਆਂ ਨੂੰ ਕਵਰ ਕਰਨ ਲਈ ਆਮਦਨ ਦੀ ਹੱਦ 3.00 ਲੱਖ ਰੁਪਏ ਕਰ ਦਿੱਤੀ ਗਈ ਹੈ।

ਸਾਲ 2021-22 ਤੱਕ ਇਸ ਸਕੀਮ ਅਧੀਨ 43205 ਲਾਭਪਾਤਰੀਆਂ ਨੂੰ **12554.65** ਲੱਖ ਰੁਪਏ ਦੇ ਕਰਜ਼ੇ ਵੰਡੇ ਜਾ ਚੁੱਕੇ ਹਨ।

ਸਾਲ 2021-22 ਦੇ ਟੀਚੇ/ ਪ੍ਰਾਪਤੀਆਂ ਅਤੇ ਸਾਲ 2022-23 ਲਈ ਤਜਵੀਜ਼ ਹੇਠ ਲਿਖੇ ਅਨੁਸਾਰ ਹੈ:-

(ਰਕਮ ਲੱਖਾਂ ਵਿੱਚ)

| ਸਾਲ 2022-23 ਦਾ ਪ੍ਰੋਗਰਾਮ | | ਸਾਲ 2021-22 ਦੀ ਪ੍ਰਾਪਤੀ | |
|---|---|---|---|
| ਫਿਜ਼ੀਕਲ | ਵਿੱਤੀ | ਫਿਜ਼ੀਕਲ | ਵਿੱਤੀ |
| 600 | 1200.00 | 241 | 517.83 |

2. **ਐਨ.ਐਸ.ਐਫ.ਡੀ.ਸੀ. ਦੇ ਸਹਿਯੋਗ ਨਾਲ ਚਲਾਈਆਂ ਜਾ ਰਹੀਆਂ ਹੋਰ ਸਕੀਮਾਂ।**

ਕਾਰਪੋਰੇਸ਼ਨ ਐਨ.ਐਸ.ਐਫ.ਡੀ.ਸੀ. ਦੇ ਸਹਿਯੋਗ ਨਾਲ ਕਈ ਸਕੀਮਾਂ ਚਲਾ ਰਹੀ ਹੈ ਜਿਵੇਂ ਕਿ ਸਮਾਲ ਬਿਜ਼ਨਸ ਸਕੀਮ, ਸਮਾਲ ਸਕੇਲ ਉਦਯੋਗ ,ਖੇਤੀਬਾੜੀ ਅਤੇ ਅਲਾਈਡ ਐਕਟੀਵੀਟੀਜ਼ ਸਕੀਮ ਅਤੇ ਉਚੇਰੀ ਸਿੱਖਿਆ ਲਈ ਕਰਜ਼ਾ। **ਮਿਤੀ 31.3.2022 ਤੱਕ 6034 ਲਾਭਪਾਤਰੀਆਂ ਨੂੰ 5199.80 ਲੱਖ ਰੁਪਏ ਦਾ ਕਰਜ਼ਾ ਦਿੱਤਾ ਗਿਆ।** ਜਿਨ੍ਹਾਂ ਲਾਭਪਾਤਰੀਆਂ ਦੀ ਗਰੀਬੀ ਰੇਖਾ ਤੋਂ ਦੁਗਣੀ ਆਮਦਨ ਹੈ, ਉਹ ਇਨ੍ਹਾਂ ਸਕੀਮਾਂ ਅਧੀਨ ਕਰਜ਼ਾ ਲੈਣ ਦੇ ਕਾਬਲ ਹਨ। ਕਰਜ਼ਾਦਾਰਾਂ ਨੂੰ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਦਿੱਤਾ ਜਾਂਦਾ ਹੈ। ਉਸ ਦਾ 90% ਹਿੱਸਾ ਐਨ.ਐਸ.ਐਫ.ਡੀ.ਸੀ. ਤੋਂ ਕਰਜ਼ਾ ਲੈ ਕੇ ਦਿੱਤਾ ਜਾਂਦਾ ਹੈ ਅਤੇ ਬਾਕੀ ਦਾ 10% ਕਾਰਪੋਰੇਸ਼ਨ ਦੇ ਸ਼ੇਅਰ ਕੈਪੀਟਲ ਵਿੱਚੋਂ ਹਿੱਸਾ ਪਾਇਆ ਜਾਂਦਾ ਹੈ। ਗਰੀਬੀ ਰੇਖਾ ਤੋਂ ਨੀਚੇ ਦੇ ਲਾਭਪਾਤਰੀਆਂ ਨੂੰ ਐਸ.ਸੀ.ਏ. ਫੰਡ ਵਿਚੋਂ ਸਬਸਿਡੀ ਦਿੱਤੀ ਜਾਂਦੀ ਹੈ।

(ਰਕਮ ਲੱਖਾਂ ਵਿੱਚ)

| ਸਾਲ 2022-23 ਦਾ ਪ੍ਰੋਗਰਾਮ | | ਸਾਲ 2021-22 ਦੀ ਪ੍ਰਾਪਤੀ | |
|---|---|---|---|
| ਫਿਜ਼ੀਕਲ | ਵਿੱਤੀ | ਫਿਜ਼ੀਕਲ | ਵਿੱਤੀ |
| 200 | 300.00 | 40 | 64.98 |

3. **ਐਨ.ਐਸ.ਕੇ.ਐਫ.ਡੀ.ਸੀ. ਦੇ ਸਹਿਯੋਗ ਨਾਲ ਚਲਾਈਆਂ ਜਾਣ ਵਾਲੀਆਂ ਸਕੀਮਾਂ:**

ਕਾਰਪੋਰੇਸ਼ਨ ਨੇ ਐਨ.ਐਸ.ਕੇ.ਐਫ.ਡੀ.ਸੀ. ਦੇ ਸਹਿਯੋਗ ਨਾਲ ਕਈ ਸਕੀਮਾਂ ਸ਼ੁਰੂ ਕੀਤੀਆਂ ਹਨ ਜਿਵੇਂ ਕਿ ਸਮਾਲ ਬਿਜ਼ਨਸ ਸਕੀਮ, ਸਮਾਲ ਸਕੇਲ ਉਦਯੋਗ ਸਕੀਮ,ਖੇਤੀਬਾੜੀ ਅਤੇ ਅਲਾਈਡ ਸਕੀਮਾਂ। **ਮਿਤੀ 31.3.2022 ਤੱਕ 1698 ਸਫਾਈ ਕਰਮਚਾਰੀਆਂ ਨੂੰ 1348.39 ਲੱਖ ਰੁਪਏ ਦਾ ਕਰਜ਼ਾ ਦਿੱਤਾ ਗਿਆ।** ਗਰੀਬੀ ਰੇਖਾ ਤੋਂ ਨੀਚੇ ਦੇ ਲਾਭਪਾਤਰੀਆਂ ਨੂੰ ਐਸ.ਸੀ.ਏ. ਫੰਡ ਵਿਚੋਂ ਸਬਸਿਡੀ ਦਿੱਤੀ ਜਾਂਦੀ ਹੈ।

(ਰਕਮ ਲੱਖਾਂ ਵਿੱਚ)

| ਸਾਲ 2022-23 ਦਾ ਪ੍ਰੋਗਰਾਮ | | ਸਾਲ 2021-22 ਦੀ ਪ੍ਰਾਪਤੀ | |
|---|---|---|---|
| ਫਿਜ਼ੀਕਲ | ਵਿੱਤੀ | ਫਿਜ਼ੀਕਲ | ਵਿੱਤੀ |
| 100 | 100.00 | 194 | 312.07 |

## 4. ਐਨ.ਐਚ.ਐਫ.ਡੀ.ਸੀ. ਦੇ ਸਹਿਯੋਗ ਨਾਲ ਚਲਾਈਆਂ ਜਾਣ ਵਾਲੀਆਂ ਸਕੀਮਾਂ:

ਨੈਸ਼ਨਲ ਹੈਂਡੀਕੈਪਡ ਫਾਈਨਾਂਸ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੂੰ ਆਪਣੀ ਸਟੇਟ ਚੈਨੇਲਾਈਜ਼ਿੰਗ ਏਜੰਸੀ ਚੁਣਿਆ ਹੈ। ਇਸ ਕਾਰਪੋਰੇਸ਼ਨ ਅਧੀਨ ਕਰਿਆਨਾ ਦੁਕਾਨ, ਡੇਅਰੀ, ਰੈਡੀਮੇਡ ਗਾਰਮੈਂਟਸ ਅਤੇ ਕੱਪੜੇ ਦੀ ਦੁਕਾਨ ਆਦਿ ਲਈ ਕਰਜ਼ਾ ਦਿੱਤਾ ਜਾਂਦਾ ਹੈ। ਇਨ੍ਹਾਂ ਸਕੀਮਾਂ ਅਧੀਨ ਕਰਜ਼ਾ ਲੈਣ ਲਈ 0.50 ਲੱਖ ਰੁਪਏ ਤੱਕ ਦਾ ਪ੍ਰੋਜੈਕਟ ਲਈ 100% ਕਰਜ਼ਾ ਐਨ.ਐਚ.ਐਫ.ਡੀ.ਸੀ. ਵੱਲੋਂ ਦਿੱਤਾ ਜਾਂਦਾ ਹੈ ਅਤੇ 0.50 ਲੱਖ ਤੋਂ 1.00 ਲੱਖ ਤੱਕ ਦੇ ਪ੍ਰੋਜੈਕਟ ਲਈ ਐਨ.ਐਚ.ਐਫ.ਡੀ.ਸੀ. ਦਾ ਹਿੱਸਾ 95% ਹੈ ਅਤੇ 1.00 ਲੱਖ ਰੁਪਏ ਤੋਂ ਉਪਰ ਦੇ ਪ੍ਰੋਜੈਕਟ ਲਈ ਐਨ.ਐਚ.ਐਫ.ਡੀ.ਸੀ. ਦਾ ਹਿੱਸਾ 90% ਅਤੇ ਬਾਕੀ ਦੀ ਰਕਮ ਕਾਰਪੋਰੇਸ਼ਨ ਅਤੇ ਕਰਜ਼ਦਾਰ ਵੱਲੋਂ ਦਿੱਤੀ ਜਾਂਦੀ ਹੈ। ਅੰਗਹੀਣ ਵਿਅਕਤੀ ਲਈ ਕਰਜ਼ਾ ਲੈਣ ਲਈ ਆਮਦਨ ਦੀ ਕੋਈ ਹੱਦ ਨਹੀ, ਪਰ 90% ਕਰਜ਼ਾ ਕੇਸ 5.00 ਲੱਖ ਰੁਪਏ ਤੋਂ ਘੱਟ ਆਮਦਨੀ ਵਾਲੇ ਹੋਣ। **ਮਿਤੀ 31.3.2022 ਤੱਕ 1037 ਲਾਭਪਾਤਰੀਆਂ ਨੂੰ 1355.91 ਲੱਖ ਰੁਪਏ ਦਾ ਕਰਜ਼ਾ ਦਿੱਤਾ ਗਿਆ ਹੈ।** ਗਰੀਬੀ ਰੇਖਾ ਤੋਂ ਨੀਚੇ ਦੇ ਲਾਭਪਾਤਰੀਆਂ ਨੂੰ ਐਸ.ਸੀ.ਏ. ਫੰਡ ਵਿਚੋਂ ਸਬਸਿਡੀ ਦਿੱਤੀ ਜਾਂਦੀ ਹੈ।

(ਰਕਮ ਲੱਖਾਂ ਵਿੱਚ)

| ਸਾਲ 2022-23 ਲਈ ਪ੍ਰੋਗਰਾਮ | | ਸਾਲ 2021-22 ਦੀ ਪ੍ਰਗਤੀ | |
|---|---|---|---|
| **ਫਿਜ਼ੀਕਲ** | **ਵਿੱਤੀ** | **ਫਿਜ਼ੀਕਲ** | **ਵਿੱਤੀ** |
| 200 | 300.00 | 48 | 106.88 |

## III) 1. ਬੈਂਕ ਟਾਈ-ਅਪ ਸਕੀਮ ਅਧੀਨ ਕੈਪੀਟਲ ਸਬਸਿਡੀ

ਇਸ ਸਕੀਮ ਤਹਿਤ ਗਰੀਬੀ ਦੀ ਰੇਖਾ ਤੋਂ ਹੇਠ ਰਹਿੰਦੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਬੈਂਕ ਰਾਹੀਂ ਕਰਜ਼ਾ ਦਿਵਾਇਆ ਜਾਂਦਾ ਹੈ, ਜਿਸ ਵਿੱਚ ਕਰਜ਼ੇ ਦੀ ਰਕਮ ਦਾ 50% ਜਾਂ 10,000/- ਰੁਪਏ ਜੋ ਵੀ ਘੱਟ ਹੋਵੇ, ਬਤੌਰ ਸਬਸਿਡੀ ਦਿੱਤੀ ਜਾਂਦੀ ਹੈ। **ਸਾਲ 2021-22 ਤੱਕ 4,62,125 ਲਾਭਪਾਤਰੀਆਂ ਨੂੰ ਬੈਂਕ ਟਾਈ-ਅਪ ਸਕੀਮ ਅਧੀਨ ਕਰਜ਼ਾ ਦਿੱਤਾ ਗਿਆ ਜਿਸ ਵਿਚ 56119.49 ਲੱਖ ਰੁਪਏ ਕਰਜ਼ਾ ਅਤੇ 16997.48 ਲੱਖ ਰੁਪਏ ਸਬਸਿਡੀ ਹੈ।**

(ਰਕਮ ਲੱਖਾਂ ਵਿੱਚ)

| ਸਾਲ 2022-23 ਲਈ ਪ੍ਰੋਗਰਾਮ | | ਸਾਲ 2021-22 ਦੀ ਪ੍ਰਾਪਤੀ | |
|---|---|---|---|
| **ਫਿਜ਼ੀਕਲ** | **ਵਿੱਤੀ** | **ਫਿਜ਼ੀਕਲ** | **ਵਿੱਤੀ** |
| 5000 | 500.00 | 1492 | 149.20 |

## 2. ਬੈਕਐਂਡ ਇਨਸੈਂਟਿਵ ਸਬਸਿਡੀ ਫਾਰ ਲੋਨਿੰਗ ਸਕੀਮ

ਇਹ ਸਕੀਮ ਲਾਭਪਾਤਰੀਆਂ ਵਿੱਚ ਸਵੈ ਰੁਜ਼ਗਾਰ ਨੂੰ ਉਤਸ਼ਾਹਿਤ ਕਰਨ ਲਈ, ਕਰਜ਼ਦਾਰਾਂ ਨੂੰ ਕਰਜ਼ਾ ਸਹੀ ਢੰਗ ਨਾਲ ਵਰਤਣ ਲਈ ਅਤੇ ਕਰਜ਼ਾ ਰੈਗੂਲਰ ਮੋੜਨ ਲਈ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਅਧੀਨ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਲਾਭਪਾਤਰੀਆਂ ਨੂੰ ਸਬਸਿਡੀ ਦੇ ਕੇ ਕਰਜ਼ੇ ਦੇ ਚੱਕਰ ਵਿੱਚੋਂ ਨਿਕਲਣ ਵਿੱਚ ਸਹਾਇਤਾ ਮਿਲੇਗੀ।

ਸਕੀਮ ਲਈ ਯੋਗਤਾ ਹੇਠ ਲਿਖੇ ਅਨੁਸਾਰ ਹੈ:-

(i) ਕਰਜ਼ਦਾਰ ਦੀ ਸਲਾਨਾ ਆਮਦਨ ਗਰੀਬੀ ਦੀ ਰੇਖਾ ਤੋਂ ਹੇਠਾਂ ਹੋਣੀ ਚਾਹੀਦੀ ਹੈ।

(ii) ਕਰਜ਼ਦਾਰ ਵਲੋਂ ਬੈਂਕ ਟਾਈ ਅਪ ਸਕੀਮ ਨੂੰ ਛੱਡ ਕੇ ਬਾਕੀ ਕਿਸੇ ਸਕੀਮ ਅਧੀਨ ਕਾਰਪੋਰੇਸ਼ਨ ਪਾਸੋਂ ਕਰਜ਼ਾ ਲਿਆ ਹੋਣਾ ਚਾਹੀਦਾ ਹੈ।

(iii) ਕਰਜ਼ਦਾਰ ਵਲੋਂ ਕਰਜ਼ੇ ਦੀ ਸਹੀ ਵਰਤੋਂ ਕੀਤੀ ਗਈ ਹੋਵੇ।

(iv) ਦਿੱਤੀ ਜਾਣ ਵਾਲੀ ਸਬਸਿਡੀ ਕਰਜ਼ੇ ਦੀ ਰਕਮ ਦਾ 25% ਜਾਂ ਵੱਧ ਤੋਂ ਵੱਧ 10,000/- ਰੁਪਏ ਹੋਵੇਗੀ ਜਾਂ ਸਰਕਾਰ ਦੁਆਰਾ ਜੋ ਨਿਰਧਾਰਿਤ ਕੀਤੀ ਜਾਵੇਗੀ। ਕਰਜ਼ਦਾਰ ਨੂੰ ਸਬਸਿਡੀ ਸਰਕਾਰ ਤੋਂ ਫੰਡਜ਼ ਪ੍ਰਾਪਤ ਹੋਣ ਤੇ ਹੀ ਦਿੱਤੀ ਜਾਵੇਗੀ। ਜੇਕਰ ਸਰਕਾਰ ਕਾਰਪੋਰੇਸ਼ਨ ਨੂੰ ਫੰਡਜ਼ ਮੁਹੱਈਆ ਨਹੀਂ ਕਰਵਾਉਂਦੀ ਹੈ ਤਾਂ ਕਾਰਪੋਰੇਸ਼ਨ ਸਬਸਿਡੀ ਦੇਣ ਲਈ ਪਾਬੰਦ ਨਹੀਂ ਹੋਵੇਗੀ।

(ਰਕਮ ਲੱਖਾਂ ਵਿੱਚ)

| ਸਾਲ 2022-23 ਲਈ ਪ੍ਰੋਗਰਾਮ | | ਸਾਲ 2021-22 ਦੀ ਪ੍ਰਾਪਤੀ | |
|---|---|---|---|
| ਫਿਜ਼ੀਕਲ | ਵਿੱਤੀ | ਫਿਜ਼ੀਕਲ | ਵਿੱਤੀ |
| 97 | 9.70 | 181 | 18.10 |

## IV) ਕਰਜ਼ੇ ਦੀ ਵਸੂਲੀ

ਸਾਲ 2021-22 ਦੌਰਾਨ ਇਸ ਕਾਰਪੋਰੇਸ਼ਨ ਵੱਲੋਂ 5015.95 ਲੱਖ ਰੁਪਏ ਦੀ ਵਸੂਲੀ ਕਰਜ਼ਦਾਰਾਂ ਤੋਂ ਕੀਤੀ ਗਈ ਅਤੇ ਸਾਲ 2022-23 ਦੌਰਾਨ 1100.00 ਲੱਖ ਰੁਪਏ ਦੀ ਵਸੂਲੀ ਹੋਣ ਦੀ ਸੰਭਾਵਨਾ ਹੈ।

*************